# ਕੈਲੀਫੋਰਨੀਆ ਦੇ ਵੋਟਰਾਂ ਲਈ ਭਾਸ਼ਾ ਸਹਾਇਤਾ

ASIAN LAW CAUCUS

ਆਪਣੀ ਪਸੰਦ ਦੀ ਭਾਸ਼ਾ ਵਿੱਚ  ਨਵੰਬਰ 2024 ਵਿੱਚ ਵੋਟ ਪਾਉਣ ਲਈ ਸਾਰੀ ਜਾਣਕਾਰੀ

**ਕੁਝ ਸੁਝਾਅ!**

- ਜੇਕਰ ਤੁਸੀਂ ਵਿਅਕਤੀਗਤ ਤੌਰ 'ਤੇ ਵੋਟ ਕਰਦੇ ਹੋ, ਤਾਂ ਆਪਣੇ ਵੋਟਿੰਗ ਸਥਾਨ ਜਾਂ ਵੋਟ ਕੇਂਦਰ ਦੇ ਸਟਾਫ ਨੂੰ ਪੁੱਛੋ ਕਿ ਉਹਨਾਂ ਕੋਲ ਤੁਹਾਡੀ ਪਸੰਦ ਦੀ ਭਾਸ਼ਾ ਵਿੱਚ ਕਿਹੜੀ ਸਮੱਗਰੀ ਉਪਲਬਧ ਹੈ। ਨਾਲ ਹੀ, ਇਹ ਵੀ ਪੁੱਛੋ ਕਿ ਕੀ ਕੋਈ ਸਟਾਫ ਤੁਹਾਡੀ ਪਸੰਦੀਦਾ ਭਾਸ਼ਾ ਬੋਲਦਾ ਹੈ ਜਾਂ ਕੀ ਉਹਨਾਂ ਕੋਲ ਦੋਨੋ ਭਾਸ਼ਾਵਾਂ ਬੋਲਣ ਵਾਲੇ ਕਰਮਚਾਰੀਆਂ ਦਾ ਹਾਟਲਾਈਨ ਸਟਾਫ ਹੈ।
- ਜੇਕਰ ਤੁਸੀਂ ਡਾਕ ਰਾਹੀਂ ਵੋਟ ਕਰਦੇ ਹੋ, ਤਾਂ ਆਪਣੀ ਪਸੰਦੀਦਾ ਭਾਸ਼ਾ ਦੇਖਣ ਲਈ https://voterstatus.sos.ca.gov 'ਤੇ ਔਨਲਾਈਨ ਜਾਓ। ਜੇਕਰ ਅਨੁਵਾਦਿਤ ਸਮੱਗਰੀ ਤੁਹਾਡੇ ਖੇਤਰ ਲਈ ਉਪਲਬਧ ਹੈ, ਤਾਂ ਉਹ ਤੁਹਾਨੂੰ ਮੁਫ਼ਤ ਵਿੱਚ ਡਾਕ ਰਾਹੀਂ ਭੇਜੀਆਂ ਜਾਣਗੀਆਂ।

**ਨਵੰਬਰ 2024 ਦੀਆਂ ਚੋਣਾਂ ਲਈ, ਰਜਿਸਟਰਡ ਵੋਟਰਾਂ ਨੂੰ ਆਪਣੇ ਆਪ ਹੀ ਡਾਕ ਰਾਹੀਂ ਇੱਕ ਬੈਲਟ ਪੇਪਰ ਮਿਲ ਜਾਵੇਗਾ। ਤੁਸੀਂ ਮੇਲ ਵਿੱਚ ਅਨੁਵਾਦਿਤ ਸਮੱਗਰੀ ਵੀ ਪ੍ਰਾਪਤ ਕਰ ਸਕਦੇ ਹੋ - ਇਹ ਤੁਹਾਡੀ ਭਾਸ਼ਾ ਅਤੇ ਤੁਸੀਂ ਕਿੱਥੇ ਰਹਿੰਦੇ ਹੋ 'ਤੇ ਨਿਰਭਰ ਕਰਦਾ ਹੈ।**

ਇੱਕ ਅਨੁਵਾਦਿਤ ਬੈਲਟ, ਇੱਕ ਅਨੁਵਾਦਿਤ ਸੰਦਰਭ ਬੈਲਟ (ਕਦੇ-ਕਦੇ "ਨਮੂਨਾ" ਜਾਂ "ਫੇਕਸਿਮਾਈਲ"/ (ਨਕਲ/ਨਕਲੀ) ਬੈਲਟ ਕਿਹਾ ਜਾਂਦਾ ਹੈ), ਅਤੇ/ਜਾਂ ਅਨੁਵਾਦਿਤ ਕਾਉਂਟੀ ਵੋਟਰ ਜਾਣਕਾਰੀ ਗਾਈਡ ਉਪਲਬਧ ਹੋ ਸਕਦੀ ਹੈ। (ਇੱਕ "ਅਨੁਵਾਦਿਤ" ਸੰਦਰਭ ਬੈਲਟ ਇੱਕ ਅਨੁਵਾਦਿਤ ਉਦਾਹਰਨ ਬੈਲਟ ਹੈ ਜੋ ਕਿ ਤੁਹਾਨੂੰ ਅੰਗਰੇਜ਼ੀ ਦੇ ਬੈਲਟ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗਾ। ਤੁਸੀਂ ਅਸਲ ਵਿੱਚ ਇਸ 'ਤੇ ਵੋਟ ਨਹੀਂ ਕਰ ਸਕਦੇ।) ਉਪਲਬਧ ਕੋਈ ਵੀ ਸਮੱਗਰੀ ਤੁਹਾਨੂੰ ਮੁਫ਼ਤ ਵਿੱਚ ਭੇਜੀ ਜਾਵੇਗੀ।



ਜੇਕਰ ਤੁਸੀਂ ਚਾਹੁੰਦੇ ਹੋ ਕਿ ਅਨੁਵਾਦਿਤ ਸਮੱਗਰੀ ਡਾਕ ਰਾਹੀਂ ਭੇਜੀ ਜਾਵੇ ਤਾਂ ਤੁਹਾਨੂੰ ਕਾਉਂਟੀ ਨੂੰ ਦੱਸਣਾ ਹੋਵੇਗਾ ਕਿ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਨੂੰ ਤਰਜੀਹ ਦਿੰਦੇ ਹੋ।

→ ਇਹ ਪਤਾ ਲਗਾਉਣ ਲਈ ਕਿ ਤੁਹਾਡੇ ਲਈ ਕਿਹੜੀਆਂ ਸਮੱਗਰੀਆਂ ਉਪਲਬਧ ਹਨ ਅਤੇ ਅਨੁਵਾਦਿਤ ਸਮੱਗਰੀ ਦੀ ਬੇਨਤੀ ਕਰਨ ਲਈ, ਹੇਠਾਂ ਦਿੱਤੇ ਨੰਬਰ ਦੀ ਵਰਤੋਂ ਕਰਕੇ ਆਪਣੇ ਕਾਉਂਟੀ ਚੋਣ ਦਫ਼ਤਰ ਨੂੰ ਕਾਲ ਕਰੋ।

→ ਤੁਸੀਂ ਆਪਣੀ ਪਸੰਦੀਦਾ ਭਾਸ਼ਾ ਚੁਣਨ ਲਈ https://voterstatus.sos.ca.gov/ 'ਤੇ ਔਨਲਾਈਨ ਵੀ ਜਾ ਸਕਦੇ ਹੋ। ਚੋਣਾਂ ਲਈ ਸਮੇਂ ਸਿਰ ਅਨੁਵਾਦਿਤ ਸਮੱਗਰੀ ਪ੍ਰਾਪਤ ਕਰਨ ਲਈ ਜਿੰਨੀ ਜਲਦੀ ਹੋ ਸਕੇ ਅਜਿਹਾ ਕਰੋ।

**ਰਜਿਸਟਰਡ ਵੋਟਰ ਆਪਣੇ ਬੈਲਟ ਪੇਪਰ ਨੂੰ ਡਾਕ ਰਾਹੀਂ ਭੇਜ ਸਕਦੇ ਹਨ, ਇਸ ਨੂੰ ਖੁਦ ਛੱਡ ਕੇ ਆ ਸਕਦੇ ਹਨ, ਜਾਂ ਵਿਅਕਤੀਗਤ ਤੌਰ 'ਤੇ (ਆਪ ਜਾ ਕੇ) ਵੋਟ ਪਾ ਸਕਦੇ ਹਨ। ਤੁਸੀਂ ਆਪਣਾ ਬੈਲਟ ਪੇਪਰ ਕਿਵੇਂ ਜਮ੍ਹਾਂ ਕਰਾਉਣਾ ਹੈ ਇਸ ਬਾਰੇ ਹੋਰ ਜਾਣਕਾਰੀ ਇੱਥੇ ਹਾਸਲ ਕਰ ਸਕਦੇ ਹੋ: bit.ly/alc-kyvr2024.**

## ਵਿਅਕਤੀਗਤ ਤੌਰ 'ਤੇ ਵੋਟ ਪਾਉਣ ਵੇਲੇ ਭਾਸ਼ਾ ਲਈ ਮਦਦ

**ਵੋਟ ਪਾਉਣ ਵੇਲੇ ਤੁਸੀਂ ਵਿਅਕਤੀਗਤ ਮਦਦ ਲੈ ਸਕਦੇ ਹੋ:**

ਜੇਕਰ ਤੁਹਾਡੇ ਪੋਲਿੰਗ ਸਥਾਨ ਜਾਂ ਵੋਟ ਕੇਂਦਰ 'ਤੇ ਦੋਵੇਂ ਭਾਸ਼ਾਂਵਾਂ ਬੋਲਣ ਵਾਲੇ ਪੋਲ ਵਰਕਰ ਹਨ, ਤਾਂ ਉਨ੍ਹਾਂ ਨੇ ਬੈਜ, ਰਿਬਨ ਜਾਂ ਸਟਿੱਕਰ ਪਹਿਨਿਆ ਹੋਵੇਗਾ ਜੋ ਕਿ ਇਹ ਦੱਸੇਗਾ ਕਿ ਉਹ ਕਿਹੜੀਆਂ ਭਾਸ਼ਾਵਾਂ ਬੋਲਦੇ ਹਨ। ਜੇਕਰ ਕੋਈ ਦੋਵੇਂ ਭਾਸ਼ਾਂਵਾਂ ਬੋਲਣ ਵਾਲੇ ਪੋਲ ਵਰਕਰ ਉਪਲਭਧ ਨਹੀਂ ਹੋਣਗੇ ਜੋ ਤੁਹਾਡੀ ਮਦਦ ਕਰ ਸਕਦੇ, ਤਾਂ ਪੁੱਛੋ ਕਿ ਕੀ ਦੋਵੇਂ ਭਾਸ਼ਾਂਵਾਂ ਬੋਲਣ ਵਾਲੇ ਵਰਕਰਾਂ ਨਾਲ ਕੋਈ ਹੌਟਲਾਈਨ ਸਟਾਫ ਹੈ ਜਿਸ ਨੂੰ ਤੁਸੀਂ ਕਾਲ ਕਰ ਸਕਦੇ ਹੋ।



ਜਦੋਂ ਤੱਕ ਉਹ ਲੋਕ ਤੁਹਾਡੇ ਰੁਜ਼ਗਾਰਦਾਤਾ ਜਾਂ ਯੂਨੀਅਨ ਦੀ ਨੁਮਾਇੰਦਗੀ ਨਾ ਕਰਦੇ ਹੋਣ, ਤੁਹਾਨੂੰ ਵੋਟ ਪਾਉਣ ਵਿੱਚ ਮਦਦ ਕਰਨ ਲਈ ਦੋ ਲੋਕਾਂ ਨੂੰ ਲਿਆਉਣ ਦੀ ਇਜਾਜ਼ਤ ਹੈ। ਇੱਕ ਪਰਿਵਾਰ ਦਾ ਮੈਂਬਰ ਜਾਂ ਦੋਸਤ ਨੂੰ ਲਿਆਓ!

**<u>ਤੁਸੀਂ ਅਨੁਵਾਦਿਤ ਬੈਲਟ ਲੱਭ ਸਕਦੇ ਹੋ:</u>**
ਇਹ ਦੇਖਣ ਲਈ ਕਿ ਕੀ ਤੁਹਾਡੀ ਤਰਜੀਹੀ ਭਾਸ਼ਾ ਨੂੰ ਕਵਰ ਕੀਤਾ ਗਿਆ ਹੈ ਅਤੇ ਕਿਹੜੀ ਭਾਸ਼ਾ ਸਹਾਇਤਾ ਪ੍ਰਦਾਨ ਕੀਤੀ ਗਈ ਹੈ, ਹੇਠਾਂ ਦਿੱਤੇ ਚਾਰਟ ਵਿੱਚ ਆਪਣੀ ਰਿਹਾਇਸ਼ ਦੀ ਕਾਉਂਟੀ ਨੂੰ ਦੇਖੋ।

## ਕਾਉਂਟੀ ਦੁਆਰਾ ਭਾਸ਼ਾ ਦੀਆਂ ਲੋੜਾਂ

ਅਨੁਵਾਦਿਤ ਉਦਾਹਰਨ ਬੈਲਟ ਪੇਪਰ ਡਾਕ ਰਾਹੀਂ ਅਤੇ ਹੇਠਾਂ ਸੂਚੀਬੱਧ ਕਾਉਂਟੀਆਂ ਵਿੱਚ ਤੁਹਾਡੇ ਪੋਲਿੰਗ ਸਥਾਨ ਜਾਂ ਵੋਟ ਕੇਂਦਰ 'ਤੇ ਉਪਲਬਧ ਹੋ ਸਕਦੇ ਹਨ।

ਅੰਗਰੇਜ਼ੀ ਬੈਲਟ ਪੇਪਰ 'ਤੇ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਵੋਟਿੰਗ ਬੂਥ ਵਿੱਚ ਲੈ ਕੇ ਜਾਣ ਲਈ ਤੁਹਾਡੇ ਕੋਲ ਕਾਪੀਆਂ ਹੋਣੀਆਂ ਚਾਹੀਦੀਆਂ ਹਨ। ਉੱਥੇ ਇੱਕ ਅਨੁਵਾਦਿਤ ਚਿੰਨ੍ਹ ਵੀ ਹੋਵੇਗਾ ਹੈ ਜੋ ਕਿ ਤੁਹਾਨੂੰ ਦੱਸੇਗਾ ਕਿ ਕਿਹੜੀਆਂ ਭਾਸ਼ਾਵਾਂ 'ਚ ਉਦਾਹਰਨ ਬੈਲਟ ਪੇਪਰ ਦਾ ਅਨੁਵਾਦ ਕੀਤਾ ਹੈ ਅਤੇ ਮੌਜੂਦ ਪੋਲ ਵਰਕਰਾਂ ਦੁਆਰਾ ਕਿਹੜੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਹ ਪਤਾ ਕਰਨ ਲਈ ਕਿ ਉਨ੍ਹਾਂ ਵੱਲੋਂ ਕਿਹੜੀਆਂ ਸੇਵਾਵਾਂ ਮੁਹਈਆ ਕਰਵਾਈਆਂ ਜਾਂਦੀਆਂ ਹਨ, ਆਪਣੇ ਕਾਉਂਟੀ ਚੋਣ ਦਫ਼ਤਰ ਨੂੰ ਕਾਲ ਕਰੋ।

ਅਲਮੇਡਾ (510) 272-6973
ਕੰਟਰਾ ਕੋਸਟਾ (925) 335-7800
ਫਰਿਜ਼ਨੋ (559) 600-8683
ਕੇਰਨ (661) 868-3590 ਜਾਂ (800) 452-8683
ਮਡੇਰਾ (559) 675-7720
ਪਲੇਸਰ (530) 886-5650
ਸੈਕਰਾਮੈਂਟੋ (916) 875-6451
ਸੈਨ ਹੋਆਕਿਨ (209) 468-8683
ਸੈਂਟਾ ਕਲਾਰਾ (408) 299-8683 ਜਾਂ (866) 430-8683
ਸਟੈਨਿਸਲੌਸ (209) 525-5200
ਸੱਟਰ (530) 822-7122
ਯੋਲੋ (530) 666-8133

*ਅਨੁਵਾਦਿਤ ਉਦਾਹਰਨ ਬੈਲਟ ਪੇਪਰ ਦੀ ਬਜਾਏ ਅਨੁਵਾਦ ਕੀਤੇ ਗਏ, ਵੋਟ ਪਾਉਣ ਯੋਗ ਬੈਲਟ ਪੇਪਰ ਉਪਲਬਧ ਹੋਣਗੇ।